Immigration and Refugee Board of Canada | Commission de l'immigration et du statut de réfugié du Canada | Canada

# ਬਾਂਡਜ਼ਪਰਸਨ ਹੋਣ ਬਾਰੇ ਤੁਹਾਨੂੰ ਕੀ ਪਤਾ ਹੋਣਾ ਚਾਹੀਦਾ ਹੈ

### ਅਕਤੂਬਰ 2024

## ਬਾਂਡਜ਼ਪਰਸਨ (bondsperson) ਵਜੋਂ ਤੁਹਾਡੀ ਕੀ ਭੂਮਿਕਾ ਹੈ?

ਇੱਕ ਬਾਂਡਜ਼ਪਰਸਨ ਵਜੋਂ, ਤੁਸੀਂ ਇਹ ਯਕੀਨੀ ਬਣਾਉਣ ਲਈ ਪੈਸੇ ਜਮ੍ਹਾ ਕਰੋਗੇ ਅਤੇ/ਜਾਂ ਭੁਗਤਾਨ ਕਰਨ ਦਾ ਵਾਅਦਾ ਕਰੋਗੇ ਕਿ ਕੈਦ ਵਿੱਚ ਵਿਅਕਤੀ ਰਿਹਾਈ ਦੇ ਆਰਡਰ ਦੀਆਂ ਸਾਰੀਆਂ ਸ਼ਰਤਾਂ ਦੀ ਪਾਲਣਾ ਕਰਦਾ ਹੈ। ਤੁਸੀਂ ਕੈਦ ਵਿੱਚ ਵਿਅਕਤੀ ਨੂੰ ਰਹਿਣ ਲਈ ਜਗ੍ਹਾ ਦੀ ਪੇਸ਼ਕਸ਼ ਕਰਨ ਬਾਰੇ ਵਿਚਾਰ ਵੀ ਕਰ ਸਕਦੇ ਹੋ।

ਕੇਸ ਦੀ ਸੁਣਵਾਈ ਕਰ ਰਿਹਾ ਇਮੀਗ੍ਰੇਸ਼ਨ ਡਿਵੀਜ਼ਨ (ID) ਮੈਂਬਰ ਇਹ ਫੈਸਲਾ ਕਰੇਗਾ ਕਿ ਕੀ ਤੁਹਾਡੀ ਪੇਸ਼ਕਸ਼, ਹੋਰ ਸ਼ਰਤਾਂ ਦੇ ਨਾਲ, ਕੈਦ ਦਾ ਢੁਕਵਾਂ ਵਿਕਲਪਕ ਹੈ।

ਜੇਕਰ ਵਿਅਕਤੀ ਰਿਹਾਈ ਦੀਆਂ ਸਾਰੀਆਂ ਸ਼ਰਤਾਂ ਦੀ ਪਾਲਣਾ ਨਹੀਂ ਕਰਦਾ ਹੈ, ਤਾਂ ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ (CBSA) ਤੁਹਾਡੇ ਦੁਆਰਾ ਜਮ੍ਹਾ ਕੀਤੇ ਗਏ ਅਤੇ/ਜਾਂ ਭੁਗਤਾਨ ਕਰਨ ਦਾ ਵਾਅਦਾ ਕੀਤੇ ਗਏ ਪੈਸੇ ਨੂੰ ਰੱਖ ਸਕਦੀ ਹੈ। ਜੇਕਰ ਤੁਸੀਂ ਜਾਣਦੇ ਹੋ ਕਿ ਵਿਅਕਤੀ ਰਿਹਾਈ ਦੇ ਆਰਡਰ ਦੀ ਪਾਲਣਾ ਨਹੀਂ ਕਰ ਰਿਹਾ ਹੈ, ਤਾਂ ਤੁਹਾਡੇ ਲਈ ਬਾਂਡਜ਼ਪਰਸਨ ਵਜੋਂ ਆਪਣੀਆਂ ਜ਼ਿੰਮੇਵਾਰੀਆਂ ਨਿਭਾਉਣ ਲਈ ਤੁਰੰਤ CBSA ਨੂੰ ਸੂਚਿਤ ਕਰਨਾ ਜ਼ਰੂਰੀ ਹੈ।

## ਉਹ ਕੀ ਹੈ ਜੋ ਤੁਹਾਨੂੰ ਢੁਕਵਾਂ ਬਾਂਡਜ਼ਪਰਸਨ ਬਣਾਉਂਦਾ ਹੈ?

ਤੁਹਾਡੇ ਤੋਂ ਕੈਦ ਦੀ ਸਮੀਖਿਆ ਦੀ ਸੁਣਵਾਈ ਵਿੱਚ ਹਾਜ਼ਰ ਹੋਣ ਦੀ ਉਮੀਦ ਕੀਤੀ ਜਾਵੇਗੀ ਅਤੇ ਤੁਹਾਨੂੰ ਗਵਾਹੀ ਦੇਣ ਲਈ ਤਿਆਰ ਹੋਣਾ ਚਾਹੀਦਾ ਹੈ। ਤੁਹਾਡੀ ਗਵਾਹੀ ID ਮੈਂਬਰ ਨੂੰ ਬਾਂਡਜ਼ਪਰਸਨ ਵਜੋਂ ਤੁਹਾਡੀ ਅਨੁਕੂਲਤਾ ਦਾ ਮੁਲਾਂਕਣ ਕਰਨ ਵਿੱਚ ਮਦਦ ਕਰੇਗੀ।

ਕੁਝ ਕਾਰਕ ਜਿਨ੍ਹਾਂ 'ਤੇ ਮੈਂਬਰ ਬਾਂਡਜ਼ਪਰਸਨ ਵਜੋਂ ਤੁਹਾਡੀ ਅਨੁਕੂਲਤਾ ਨੂੰ ਨਿਰਧਾਰਤ ਕਰਨ ਲਈ ਵਿਚਾਰ ਕਰ ਸਕਦਾ ਹੈ, ਵਿੱਚ ਸ਼ਾਮਲ ਹਨ, ਪਰ ਇਹਨਾਂ ਤੱਕ ਸੀਮਿਤ ਨਹੀਂ ਹਨ:

- ਕਨੇਡੀਅਨ ਨਾਗਰਿਕ ਜਾਂ ਕੈਨੇਡਾ ਦਾ ਸਥਾਈ ਨਿਵਾਸੀ ਹੋਣਾ, ਜੇਕਰ ਪਰਫੌਰਮੈਂਸ ਬਾਂਡ (ਗਾਰੰਟੀ) ਦਾ ਭੁਗਤਾਨ ਕਰਨ ਦਾ ਵਾਅਦਾ ਕੀਤਾ ਜਾ ਰਿਹਾ ਹੈ
- ਘੱਟੋ-ਘੱਟ 18 ਸਾਲ ਦੀ ਉਮਰ ਦਾ ਹੋਣਾ
- ਮੌਜੂਦ ਹੋਣਾ ਅਤੇ ਵਰਤਮਾਨ ਵਿੱਚ ਕੈਨੇਡਾ ਵਿੱਚ ਰਹਿੰਦੇ ਹੋਣਾ, ਜੇਕਰ ਪਰਫੌਰਮੈਂਸ ਬਾਂਡ (ਗਾਰੰਟੀ) ਦਾ ਭੁਗਤਾਨ ਕਰਨ ਦਾ ਵਾਅਦਾ ਕੀਤਾ ਜਾ ਰਿਹਾ ਹੈ
- ਕੈਦ ਵਿੱਚ ਵਿਅਕਤੀ ਨੂੰ ਜਾਣਨਾ
- ਤੁਹਾਡਾ ਆਪਣੀ ਮਰਜ਼ੀ ਨਾਲ ਅੱਗੇ ਆਉਣਾ
- ਆਪਣੇ ਪੈਸੇ ਜਮ੍ਹਾ ਕਰਨ ਲਈ ਜਾਂ ਆਪਣੇ ਪੈਸਿਆਂ ਦਾ ਭੁਗਤਾਨ ਕਰਨ ਦੇ ਵਾਅਦੇ 'ਤੇ ਦਸਤਖਤ ਕਰਨ ਲਈ ਤਿਆਰ ਹੋਣਾ
- ਕੈਦ ਵਿੱਚ ਵਿਅਕਤੀ ਨੂੰ ਨਿਗਰਾਨੀ ਦੀ ਪੇਸ਼ਕਸ਼ ਕਰਨਾ
- ਕੈਦ ਵਿੱਚ ਵਿਅਕਤੀ ਨੂੰ ਰਿਹਾਇਸ਼ ਦੀ ਪੇਸ਼ਕਸ਼ ਕਰਨਾ

## ਕਿੰਨੇ ਪੈਸੇ ਦੀ ਲੋੜ ਹੈ?

ਇਹ ਤੁਹਾਡੇ 'ਤੇ ਨਿਰਭਰ ਕਰਦਾ ਹੈ ਕਿ ਤੁਸੀਂ ਕਿੰਨੀ ਰਕਮ ਜਮ੍ਹਾ ਕਰਨ ਲਈ ਤਿਆਰ ਹੋ ਅਤੇ/ਜਾਂ ਭੁਗਤਾਨ ਕਰਨ ਦਾ ਵਾਅਦਾ ਕਰਦੇ ਹੋ। ਕੈਦ ਦੀ ਸਮੀਖਿਆ ਦੀ ਸੁਣਵਾਈ 'ਤੇ, ID ਮੈਂਬਰ ਜਮ੍ਹਾ ਕੀਤੀ ਜਾਣ ਜਾਂ ਵਾਅਦਾ ਕੀਤੀ ਜਾਣ ਲਈ ਲੋੜੀਂਦੀ ਅੰਤਿਮ ਰਕਮ ਬਾਰੇ ਫੈਸਲਾ ਕਰੇਗਾ।

## ਬਾਂਡ ਦੀਆਂ ਕਿਸਮਾਂ ਕੀ ਹਨ?

ਬਾਂਡ ਦੀਆਂ 2 ਕਿਸਮਾਂ ਹਨ:

- ਕੈਸ਼ ਬਾਂਡ (ਡਿਪਾਜ਼ਿਟ)
- ਪਰਫੌਰਮੈਂਸ ਬਾਂਡ (ਗਾਰੰਟੀਆਂ)

## ਕੈਸ਼ ਬਾਂਡ (ਡਿਪਾਜ਼ਿਟ) ਕੀ ਹੈ?

ਕੈਸ਼ ਬਾਂਡ ਉਹ ਪੈਸਾ ਹੁੰਦਾ ਹੈ ਜੋ ਤੁਸੀਂ ਉਸ ਸਮੇਂ ਦੌਰਾਨ CBSA ਕੋਲ ਜਮ੍ਹਾ ਕਰਦੇ ਹੋ ਜਦੋਂ ਤੁਸੀਂ ਬਾਂਡਜ਼ਪਰਸਨ ਵਜੋਂ ਕੰਮ ਕਰ ਰਹੇ ਹੋ।

ਕੈਦ ਦੀ ਸਮੀਖਿਆ (detention review) ਦੀ ਸੁਣਵਾਈ 'ਤੇ ID ਮੈਂਬਰ ਬਾਂਡ ਦੀ ਰਕਮ ਨਿਰਧਾਰਤ ਕਰੇਗਾ। ਇਹ CBSA ਦੀ ਜ਼ਿੰਮੇਵਾਰੀ ਹੈ ਕਿ ਉਹ ਕੈਸ਼ ਬਾਂਡਾਂ ਲਈ ਡਿਪਾਜ਼ਿਟ ਦੇ ਢੰਗ ਬਾਰੇ ਤੁਹਾਨੂੰ ਦੱਸੇ।

ਤੁਹਾਡੇ ਦੁਆਰਾ ਜਮ੍ਹਾ ਕੀਤਾ ਗਿਆ ਕੈਸ਼ ਬਾਂਡ ਤੁਹਾਡੇ ਆਪਣੇ ਫੰਡ ਹੋਣੇ ਚਾਹੀਦੇ ਹਨ ਅਤੇ ਕੈਦ ਵਿੱਚ ਵਿਅਕਤੀ ਦੇ ਫੰਡ ਨਹੀਂ ਹੋ ਸਕਦੇ। ਕੈਦ ਵਿੱਚ ਵਿਅਕਤੀ ਨੂੰ ਉਦੋਂ ਤੱਕ ਕੈਦ ਤੋਂ ਰਿਹਾਅ ਨਹੀਂ ਕੀਤਾ ਜਾਵੇਗਾ ਜਦੋਂ ਤੱਕ ਇਹ ਫੰਡ ਡਿਪਾਜ਼ਿਟ ਨਹੀਂ ਹੋ ਜਾਂਦੇ। ਡਿਪਾਜ਼ਿਟ ਕਰਨ ਦੇ ਤਰੀਕੇ CBSA ਦੁਆਰਾ ਪ੍ਰਬੰਧਿਤ ਕੀਤੇ ਜਾਂਦੇ ਹਨ।

## ਪਰਫੌਰਮੈਂਸ ਬਾਂਡ (ਗਾਰੰਟੀ) ਕੀ ਹੈ?

ਪਰਫੌਰਮੈਂਸ ਬਾਂਡ ਉਹ ਪੈਸਾ ਹੁੰਦਾ ਹੈ ਜਿਸਦਾ ਭੁਗਤਾਨ ਕਰਨ ਦਾ ਵਾਅਦਾ ਤੁਸੀਂ CBSA ਨੂੰ ਕਰਦੇ ਹੋ ਜੇਕਰ ਕੈਦ ਵਿੱਚ ਵਿਅਕਤੀ ਉਨ੍ਹਾਂ ਦੀ ਰਿਹਾਈ ਦੀਆਂ ਸ਼ਰਤਾਂ ਦਾ ਸਨਮਾਨ ਨਹੀਂ ਕਰਦਾ ਹੈ।

ਤੁਹਾਨੂੰ ਉਸ ਪੈਸੇ ਨੂੰ ਗੁਆਉਣ ਦਾ ਜੋਖਮ ਹੁੰਦਾ ਹੈ ਜਿਸਦਾ ਤੁਸੀਂ ਭੁਗਤਾਨ ਕਰਨ ਦਾ ਵਾਅਦਾ ਕਰਦੇ ਹੋ ਜੇਕਰ ਵਿਅਕਤੀ ਆਪਣੇ ਰਿਹਾਈ ਦੇ ਆਰਡਰ ਦੀਆਂ ਸ਼ਰਤਾਂ ਦਾ ਸਨਮਾਨ ਨਹੀਂ ਕਰਦਾ ਹੈ ਜਦੋਂ ਤੁਸੀਂ ਬਾਂਡਜ਼ਪਰਸਨ ਵਜੋਂ ਕੰਮ ਕਰ ਰਹੇ ਹੋ। ਕੈਦ ਦੀ ਸਮੀਖਿਆ ਦੀ ਸੁਣਵਾਈ 'ਤੇ ID ਮੈਂਬਰ ਬਾਂਡ ਦੀ ਰਕਮ ਨਿਰਧਾਰਤ ਕਰੇਗਾ।

CBSA ਪਰਫੌਰਮੈਂਸ ਬਾਂਡ ਲਈ ਤੁਹਾਡੀ ਵਚਨਬੱਧਤਾ ਨੂੰ ਪੂਰਾ ਕਰਨ ਦੀ ਤੁਹਾਡੀ ਸਮਰੱਥਾ ਦਾ ਮੁਲਾਂਕਣ ਕਰੇਗੀ। ਉਦਾਹਰਨ ਲਈ, ਤੁਹਾਡੇ ਦੁਆਰਾ ਯੋਗ ਹੋਣ ਵਾਲੀ ਰਕਮ ਤੁਹਾਡੀ ਮੌਜੂਦਾ ਸੰਪਤੀ, ਜਿਵੇਂ ਕਿ ਘਰ ਦੀ ਮਲਕੀਅਤ ਜਾਂ ਸਾਲਾਨਾ ਆਮਦਨ ਦੇ ਸਬੂਤ, ਨੂੰ ਪ੍ਰਦਰਸ਼ਿਤ ਕਰਨ ਲਈ ਤੁਹਾਡੇ ਦੁਆਰਾ ਪ੍ਰਦਾਨ ਕੀਤੇ ਗਏ ਦਸਤਾਵੇਜ਼ੀ ਸਬੂਤਾਂ 'ਤੇ ਨਿਰਭਰ ਕਰੇਗੀ। ਜੇਕਰ ਤੁਹਾਡੀ ਕੋਈ ਆਮਦਨ ਜਾਂ ਸੰਪਤੀ ਨਹੀਂ ਹੈ, ਤਾਂ ਸੰਭਵ ਹੈ ਕਿ ਤੁਸੀਂ ਪਰਫੌਰਮੈਂਸ ਬਾਂਡ ਪੋਸਟ ਕਰਨ ਦੇ ਯੋਗ ਨਾ ਹੋਵੋ।

## ਬਾਂਡਜ਼ਪਰਸਨ ਵਜੋਂ ਤੁਹਾਡੀਆਂ ਜ਼ਿੰਮੇਵਾਰੀਆਂ ਕਦੋਂ ਖਤਮ ਹੋਣਗੀਆਂ?

ਹਰ ਕੇਸ ਵੱਖਰਾ ਹੁੰਦਾ ਹੈ ਅਤੇ ਤੁਹਾਡੀਆਂ ਜ਼ਿੰਮੇਵਾਰੀਆਂ ਖਤਮ ਹੋਣ ਦਾ ਸਮਾਂ ਨਿਰਧਾਰਤ ਨਹੀਂ ਹੁੰਦਾ ਹੈ।

ਬਾਂਡਜ਼ਪਰਸਨ ਹੋਣ ਦੇ ਨਾਤੇ, ਤੁਸੀਂ ਕੈਦ ਤੋਂ ਰਿਹਾਅ ਕੀਤੇ ਗਏ ਵਿਅਕਤੀ ਦੀ ਨਿਗਰਾਨੀ ਲਈ ਉਦੋਂ ਤੱਕ ਜ਼ਿੰਮੇਵਾਰ ਹੋ ਜਦੋਂ ਤੱਕ ਉਹਨਾਂ ਦੇ ਇਮੀਗ੍ਰੇਸ਼ਨ ਦੇ ਮਾਮਲੇ ਖਤਮ ਨਹੀਂ ਹੋ ਜਾਂਦੇ। ਇਸਦਾ ਮਤਲਬ ਹੈ ਕਿ ਤੁਸੀਂ ਹਫ਼ਤਿਆਂ, ਮਹੀਨਿਆਂ ਜਾਂ, ਕੁਝ ਮਾਮਲਿਆਂ ਵਿੱਚ, ਸਾਲਾਂ ਤੱਕ ਲਈ ਵੀ ਬਾਂਡਜ਼ਪਰਸਨ ਹੋ ਸਕਦੇ ਹੋ।

ਤੁਹਾਨੂੰ ਇਸ ਮਿਆਦ ਦੇ ਅੰਤ 'ਤੇ ਆਪਣੇ ਪੈਸੇ ਸਿਰਫ਼ ਤਾਂ ਹੀ ਵਾਪਸ ਮਿਲਣਗੇ ਜੇਕਰ ਤੁਸੀਂ ਜਿਸ ਵਿਅਕਤੀ ਦੀ ਨਿਗਰਾਨੀ ਕਰ ਰਹੇ ਸੀ, ਉਸ ਨੇ ਆਪਣੇ ਰਿਹਾਈ ਦੇ ਆਰਡਰ ਦੀਆਂ ਸਾਰੀਆਂ ਸ਼ਰਤਾਂ ਦੀ ਪਾਲਣਾ ਕੀਤੀ ਹੈ। ਜੇਕਰ ਵਿਅਕਤੀ ਰਿਹਾਈ ਦੇ ਆਰਡਰ ਦੀ ਕਿਸੇ ਵੀ ਸ਼ਰਤ ਦੀ ਉਲੰਘਣਾ ਕਰਦਾ ਹੈ, ਤਾਂ ਤੁਹਾਡੇ ਦੁਆਰਾ ਜਮ੍ਹਾ ਕੀਤਾ ਅਤੇ/ਜਾਂ ਭੁਗਤਾਨ ਕਰਨ ਦਾ ਵਾਅਦਾ ਕੀਤਾ ਗਿਆ ਪੈਸਾ ਗੁਆਉਣ ਦਾ ਜੋਖਮ ਹੁੰਦਾ ਹੈ।

## ਜੇ ਤੁਸੀਂ ਕਿਸੇ ਸ਼ਰਤ ਨੂੰ ਬਦਲਣਾ ਚਾਹੁੰਦੇ ਹੋ ਜਾਂ ਆਪਣੇ ਆਪ ਨੂੰ ਬਾਂਡਜ਼ਪਰਸਨ ਵਜੋਂ ਹਟਾਉਣਾ ਚਾਹੁੰਦੇ ਹੋ ਤਾਂ ਕੀ ਹੋਵੇਗਾ?

ਇਹ ਉਮੀਦ ਕੀਤੀ ਜਾਂਦੀ ਹੈ ਕਿ ਜਦੋਂ ਤੱਕ ਵਿਅਕਤੀ ਦੇ ਇਮੀਗ੍ਰੇਸ਼ਨ ਮਾਮਲੇ ਖਤਮ ਨਹੀਂ ਹੋ ਜਾਂਦੇ, ਤੁਸੀਂ ਬਾਂਡਜ਼ਪਰਸਨ ਵਜੋਂ ਬਣੇ ਰਹੋਗੇ। ਅਸਧਾਰਨ ਮਾਮਲਿਆਂ, ਜਿਵੇਂ ਕਿ ਇੱਕ ਨਵੇਂ ਬਾਂਡਪਰਸਨ ਦਾ ਪ੍ਰਸਤਾਵ, ਵਿੱਚ ਤੁਹਾਨੂੰ ID ਮੈਂਬਰ ਦੁਆਰਾ ਬਾਂਡਜ਼ਪਰਸਨ ਵਜੋਂ ਹਟਾਇਆ ਜਾ ਸਕਦਾ ਹੈ।

ਇਹਨਾਂ ਅਸਧਾਰਨ ਮਾਮਲਿਆਂ ਵਿੱਚ, ਜੇ ਤੁਸੀਂ ਹੁਣ ਬਾਂਡਜ਼ਪਰਸਨ ਵਜੋਂ ਕੰਮ ਨਹੀਂ ਕਰਨਾ ਚਾਹੁੰਦੇ ਹੋ, ਤਾਂ ਤੁਹਾਨੂੰ ID ਨੂੰ ਲਿਖਤੀ ਰੂਪ ਵਿੱਚ ਅਰਜ਼ੀ ਦੇਣੀ ਚਾਹੀਦੀ ਹੈ। ਤੁਹਾਨੂੰ ਆਪਣੀ ਅਰਜ਼ੀ ਦੀਆਂ ਕਾਪੀਆਂ CBSA ਅਤੇ ਸਬੰਧਤ ਵਿਅਕਤੀ ਜਾਂ ਉਨ੍ਹਾਂ ਦੇ ਵਕੀਲ ਨੂੰ ਵੀ ਭੇਜਣੀਆਂ ਚਾਹੀਦੀਆਂ ਹਨ, ਜੇਕਰ ਨੁਮਾਇੰਦਗੀ ਕੀਤੀ ਜਾ ਰਹੀ ਹੈ।

ਇਸ ਗੱਲ ਦੀ ਕੋਈ ਗਾਰੰਟੀ ਨਹੀਂ ਹੈ ਕਿ ਤੁਹਾਡੀ ਬੇਨਤੀ ਸਵੀਕਾਰ ਕੀਤੀ ਜਾਵੇਗੀ। ਕਦੇ-ਕਦਾਈਂ ਨਵੀਂ ਸੁਣਵਾਈ ਦੀ ਲੋੜ ਹੋ ਸਕਦੀ ਹੈ, ਜਾਂ ਬਿਨਾਂ ਸੁਣਵਾਈ ਦੇ, ਲਿਖਤੀ ਰੂਪ ਵਿੱਚ ਬੇਨਤੀ ਨੂੰ ਮਨਜ਼ੂਰ ਜਾਂ ਅਸਵੀਕਾਰ ਕੀਤਾ ਜਾ ਸਕਦਾ ਹੈ।

ਤੁਹਾਡੀ ਐਪਲੀਕੇਸ਼ਨ ਨੂੰ ਤਿਆਰ ਕਰਨ ਵਿੱਚ, ਤੁਹਾਨੂੰ ਰੀਲੀਜ਼ ਫਾਰਮ ਦੀਆਂ ਸ਼ਰਤਾਂ ਨੂੰ ਬਦਲਣ ਲਈ ਐਪਲੀਕੇਸ਼ਨ ਦੀ ਵਰਤੋਂ ਕਰਨ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ: https://irb-cisr.gc.ca/en/forms/Documents/Application%20to%20vary%20release%20conditions%20form%20(EN).pdf. ਇਸ ਫਾਰਮ ਵਿੱਚ ਤੁਹਾਡੀ ਐਪਲੀਕੇਸ਼ਨ ਕਿਵੇਂ ਜਮ੍ਹਾ ਕਰਨੀ ਹੈ ਬਾਰੇ ਵਿਸਤ੍ਰਿਤ ਜਾਣਕਾਰੀ ਵੀ ਸ਼ਾਮਲ ਹੈ।

## ਤੁਹਾਨੂੰ ਹੋਰ ਜਾਣਕਾਰੀ ਕਿੱਥੋਂ ਮਿਲ ਸਕਦੀ ਹੈ?

ਕੈਦ ਦੀਆਂ ਸਮੀਖਿਆਵਾਂ (detention reviews) ਬਾਰੇ ਹੋਰ ਜਾਣਕਾਰੀ ਲਈ, ਕੈਦ ਦੀ ਸਮੀਖਿਆ ਸੁਣਵਾਈਆਂ ਬਾਰੇ ਤੁਹਾਨੂੰ ਕੀ ਪਤਾ ਹੋਣਾ ਚਾਹੀਦਾ ਹੈ: https://www.irb-cisr.gc.ca/en/hearings-reviews/Pages/DetRevMot.aspx 'ਤੇ ਜਾਓ।

## ਮਹੱਤਵਪੂਰਨ ਨੋਟਿਸ

ਇਹ ਗਾਈਡ ਬਾਂਡਜ਼ਪਰਸਨ ਹੋਣ ਬਾਰੇ ਆਮ ਜਾਣਕਾਰੀ ਪ੍ਰਦਾਨ ਕਰਦੀ ਹੈ। ਇਹ ਕਾਨੂੰਨੀ ਸਲਾਹ ਵਜੋਂ ਇੱਛਿੱਤ ਜਾਂ ਕਾਨੂੰਨੀ ਸਲਾਹ ਵਜੋਂ ਪ੍ਰਦਾਨ ਨਹੀਂ ਕੀਤੀ ਗਈ ਹੈ।